# ਪੰਜਾਬ ਐਜੂਸੈਟ ਸੁਸਾਇਟੀ

**ਈ.ਐਂਡ.ਐਫ ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ,**
**ਪਹਿਲੀ ਮੰਜ਼ਿਲ, ਪੀ.ਐਸ.ਈ.ਬੀ.ਕੈਂਪਸ, ਫੇਜ਼-8, ਅਜੀਤਗੜ੍ਹ।**
**ਫੋਨ ਨੰ. 0172- 2231800, 2215701 ਈ-ਮੇਲ:** edusat.punjab@gmail.com


ਸੇਵਾ ਵਿਖੇ

1.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ।
2.0 ਸਬੰਧਤ ਸਕੂਲ ਮੁੱਖੀ, ਵਿਸ਼ਾ ਅਧਿਆਪਕ ਅਤੇ ਵਿਦਿਆਰਥੀ (ਵੈਬਸਾਈਟ ਰਾਹੀਂ)

ਮੀਮੋ ਨੰ. 24/40/2013/ਪੀ.ਈ.ਐਸ/ਟਾਈਮ ਸ਼ਡਿਊਲ/5050-51
ਮਿਤੀ, ਚੰਡੀਗੜ੍ਹ: 22.10.2013

ਵਿਸ਼ਾ: **ਸਕੂਲ ਸਿੱਖਿਆ ਵਿਭਾਗ ਲਈ ਐਜੂਸੈਟ ਟਾਈਮ ਟੇਬਲ ਅਤੇ ਟਾਈਮ ਸ਼ਡਿਊਲ ਮਹੀਨਾ ਨਵੰਬਰ 2013.**

1.0 ਨਵੰਬਰ 2013 ਦੀ ਐਜੂਸੈਟ ਸ਼ਡਿਊਲ, ਜਿਸ ਵਿੱਚ 8ਵੀਂ ਤੋਂ 12ਵੀਂ ਜਮਾਤ ਲਈ ਸਕੂਲ ਸਿੱਖਿਆ ਵਿਭਾਗ ਲਈ ਨਸ਼ਰ ਕੀਤੇ ਜਾਣ ਵਾਲੇ ਰੈਗੂਲਰ ਪ੍ਰੋਗਰਾਮਾਂ ਦਾ ਵੇਰਵਾ ਹੈ, ਭੇਜੀ ਜਾ ਰਹੀ ਹੈ। ਕ੍ਰਿਪਾ ਕਰਕੇ ਸਬੰਧਤ ਸਕੂਲ ਮੁੱਖੀ ਯਕੀਨੀ ਬਣਾਉਣ ਕਿ ਸ਼ਡਿਊਲ ਮੁਤਾਬਿਕ ਸਬੰਧਤ ਵਿਸ਼ਾ ਅਧਿਆਪਕ ਅਤੇ ਵਿਦਿਆਰਥੀ ਐਜੂਸੈਂਟ ਰੂਮ ਵਿੱਚ ਹਾਜ਼ਰ ਰਹਿ ਕੇ ਨਸ਼ਰ ਕੀਤੇ ਪ੍ਰੋਗਰਾਮਾ ਵਿੱਚ ਭਾਗ ਲੈਣ। ਟੈਲੀਕਾਸਟ ਸਮੇਂ ਕਿਸੇ ਤਕਨੀਕੀ ਖਰਾਬੀ ਕਾਰਣ ਨੈਟਵਰਕ ਫੇਲ ਹੋ ਜਾਣ ਦੀ ਸੂਰਤ ਵਿੱਚ ਸਬੰਧਤ ਵਿਸ਼ਾ ਅਧਿਆਪਕ ਉਸ ਟਾਪਿਕ ਨੂੰ ਪੂਰਾ ਕਰੇਗਾ। ਐਜੂਸੈਟ ਲਾਈਬਰੇਰੀ ਦੀ ਵਰਤੋਂ ਪੀਰੀਅਡ ਐਡਜਸਟਮੈਂਟ ਲਈ ਜਰੂਰ ਕੀਤੀ ਜਾਵੇ।

**2.0 ਮਿਤੀ 01.10.2013 ਤੋਂ 09.11.2013 ਤੱਕ ਐਨ.ਟੀ.ਐਸ.ਈ/ਐਨ.ਐਮ.ਐਮ.ਐਸ. ਪ੍ਰੀਖਿਆਵਾਂ ਦੀ ਐਜੂਸੈਟ ਰਾਹੀਂ ਤਿਆਰੀ ਕਰਵਾਉਣ ਲਈ ਐਜੂਸੈਟ ਟਾਈਮ ਟੇਬਲ ਵਿੱਚ ਤਬਦੀਲੀ ਕੀਤੀ ਗਈ ਸੀ, ਜਿਸ ਅਨੁਸਾਰ ਰੋਜਾਨਾ ਪਹਿਲਾ ਪੀਰੀਅਡ ਅਤੇ ਸ਼ਨੀਵਾਰ ਨੂੰ ਇਹਨਾਂ ਪ੍ਰੋਗਰਾਮਾਂ ਲਈ ਸਮਾ ਦਿੱਤਾ ਗਿਆ ਸੀ ਹੁਣ ਇਹ ਪ੍ਰੋਗਰਾਮ ਮਿਤੀ 09.11.2013 ਨੂੰ ਖਤਮ ਹੋ ਰਹੇ ਹਨ ਅਤੇ ਮਿਤੀ 11.11.2013 ਤੋਂ ਵਿਦਿਆਰਥੀਆਂ ਦੀਆਂ ਦਸੰਬਰ ਅਤੇ ਸਲਾਨਾ ਪ੍ਰੀਖਿਆਵਾਂ ਨੂੰ ਮੁੱਖ ਰੱਖਦੇ ਹੋਏ ਫਿਰ ਤੋਂ ਪਹਿਲਾਂ ਵਾਲਾ ਐਜੂਸੈਟ ਟਾਈਮ ਟੇਬਲ ਲਾਗੂ ਕੀਤਾ ਜਾਵੇਗਾ। (ਕਾਪੀ ਨੱਥੀ)**

3.0 ਚਾਲੂ ਵਿੱਦਿਅਕ ਵਰ੍ਹੇ ਵਿੱਚ 11ਵੀਂ ਜਮਾਤ ਦੇ ਵਿੱਦਿਆਰਥੀਆਂ ਲਈ ਉਹਨਾਂ ਦੇ ਅੰਗਰੇਜੀ ਵਿਸ਼ੇ ਦੇ ਅਧਿਆਪਕਾਂ ਰਾਹੀਂ ਸਾਫਟ ਸਕਿਲਜ਼ ਡਿਵੈਲਪਮੈਂਟ ਪ੍ਰੋਗਰਾਮ ਵੀ ਲਾਗੂ ਕੀਤਾ ਪ੍ਰੋਗਰਾਮ ਉਸੇ ਤਰ੍ਹਾਂ ਜਾਰੀ ਰਹੇਗਾ।

4.0 ਐਜੂਸੈਟ ਰੂਮ ਅਤੇ ਐਜੂਸੈਟ ਲਾਈਬਰੇਰੀ ਵਿੱਚ ਹਰ ਸਬੰਧਤ ਪੀਰੀਅਡ ਵਿੱਚ ਡਵਦਿਆਰਥੀਆਂ ਦੀ ਹਾਜ਼ਰੀ ਐਜੂਸੈਂਟ ਰਜਿਸਟਰ ਵਿੱਚ ਲਗਾਈ ਜਾਵੇ ਅਤੇ ਸਟੇਟ ਦਫਤਰ ਵੱਲੋ ਟੈਲੀਫੂਨ ਰਾਹੀ ਸਕੂਲ ਮੁੱਖੀਆਂ, ਵਿਸ਼ਾ ਅਧਿਆਪਕਾਂ ਅਤੇ ਵਿਦਿਆਰਥੀਆਂ ਤੋਂ ਲਿਆ ਜਾਣ ਵਾਲਾ ਫੀਡਬੈਕ ਵੀ ਦਿੱਤਾ ਜਾਵੇ। ਸਕੂਲ ਮੁੱਖੀ ਐਜੂਸੈਟ ਰਜਿਸਟਰ ਵਿੱਚ, ਐਜੂਸੈਟ ਪ੍ਰੋਗਰਾਮਾ ਦਾ ਰਿਕਾਰਡ ਵੀ ਤਸਦੀਕ ਕਰੇਗਾ, ਜਿਸ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਤੇ ਸਬੰਧਤ ਅਧਿਆਪਕ ਦਾ ਨਾਮ ਵੀ ਦਰਜ ਹੋਵੇ।

5.0 ਸਮੂਹ ਪ੍ਰਿੰਸੀਪਲ ਇੰਨਸਰਵਿਸ ਟ੍ਰੇਨਿੰਗ ਸੈਂਟਰ ਅਤੇ ਪ੍ਰਿੰਸੀਪਲ ਡਾਈਟ ਨਸ਼ਰ ਕੀਤੇ ਪ੍ਰੋਗਰਾਮਾਂ ਦੀ ਹਫਤਾਵਾਰ ਇਵੈਲੂਏਸ਼ਨ ਰਿਪੋਰਟ ਸਬੰਧਤ ਵਿਸ਼ੇ ਦੇ ਸੰਸਥਾ ਦੇ ਲੈਕਚਰਾਰ ਤੋਂ ਤਿਆਰ ਕਰਵਾ ਕੇ (ਡਾਇਰੈਕਟਰ ਐਸ.ਸੀ.ਈ.ਆਰ.ਟੀ ਰਾਹੀਂ) ਈ-ਮੇਲ ਰਾਹੀਂ edusat.punjab@gmail.com ਤੇ ਭੇਜਣੀ ਯਕੀਨੀ ਬਣਾਉਣ।

**ਕੁਮਾਰ ਰਾਹੂਲ, ਆਈ.ਏ.ਐਸ**
**ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ**
ਪੰਜਾਬ ਐਜੂਸੈਟ ਸੁਸਾਇਟੀ

ਪਿੱਠ ਅੰਕਣ ਨੰ. 24/40/2008/ਪੀ.ਈ.ਐਸ/ਟਾਈਮ ਸ਼ਡਿਊਲ/5052 ਮਿਤੀ,ਚੰਡੀਗੜ੍ਹ: 22.10.2013

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡੀ.ਪੀ.ਆਈ. (ਸੈ.ਸਿ.) ਪੰਜਾਬ, ਚੰਡੀਗੜ੍ਹ
2. ਵਧੀਕ ਐਸ.ਪੀ.ਡੀ, ਐਸ.ਐਸ.ਏ, ਫੇਜ਼ 8, ਮੁਹਾਲੀ।
3. ਡਾਇਰੈਕਟਰ, ਐਸ.ਸੀ.ਈ.ਆਰ.ਟੀ ਪੰਜਾਬ।
4. ਡਿਪਟੀ ਡਾਇਰੈਕਟਰ, ਐਸ.ਆਈ.ਐਸ.ਈ, ਪੰਜਾਬ ਪੱਤਰ ਨੰ.24/104/2013/ਪੀ.ਈ.ਐਸ/ਆਰ.ਪੀ/4278-79, ਮਿਤੀ 17.08.2013 ਦੇ ਹਵਾਲੇ ਨਾਲ।
5. ਸਮੂਹ ਪ੍ਰਿੰਸੀਪਲ ਡਾਈਟ ਅਤੇ ਇੰਨਸਰਵਿਸ ਟ੍ਰੇਨਿੰਗ ਸੈਂਟਰ।
6. ਸਬੰਧਤ ਵਿਸ਼ਾ ਮਾਹਿਰ, ਸਟੂਡਿਓ ਇੰਚਾਰਜ ਅਤੇ ਤਕਨੀਕੀ ਸਟਾਫ, ਐਜੂਸੈਟ ।
7. ਡੀ.ਐਮ.(ਐਮ.ਆਈ.ਐਸ) ਨੂੰ ਤੁਰੰਤ ਵੈਬਸਾਈਟ ਤੇ ਪਾਉਣ ਹਿੱਤ।

**ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ**
ਪੰਜਾਬ ਐਜੂਸੈਟ ਸੁਸਾਇਟੀ